**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ ਐਸ.ਸੀ.ਓ. 104-106, ਸੈਕਟਰ 34 ਏ, ਚੰਡੀਗੜ੍ਹ**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿੱ)
ਪੰਜਾਬ

ਮੀਮੋ ਨੰ. ਏ.ਐਸ.ਪੀ.ਡੀ/ਮੀਡੀਆ/2010/47181-47200
ਮਿਤੀ ਚੰਡੀਗੜ੍ਹ 21.07.2010

**ਵਿਸ਼ਾ:-ਵਿਦਿਆਰਥੀਆਂ ਨੂੰ ਭੇਜੀਆਂ ਗਈਆਂ ਅਭਿਆਸ ਪੁਸਤਕਾਂ ਤੇ ਕੰਮ ਕਰਵਾਉਣ ਸਬੰਧੀ।**
**ਹਵਾਲਾ: ਏ.ਐਸ.ਪੀ.ਡੀ/ਮੀਡੀਆ/2010/44784 ਮਿਤੀ ਚੰਡੀਗੜ੍ਹ 01.7.2010**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਚੰਡੀਗੜ੍ਹ ਵੱਲੋਂ ਹਰ ਸਾਲ ਬੱਚਿਆਂ ਨੂੰ ਪਾਠ ਪੁਸਤਕਾਂ ਮੁਫ਼ਤ ਦਿੱਤੀਆਂ ਜਾਂਦੀਆਂ ਹਨ।ਇਹਨਾਂ ਦੇ ਨਾਲ ਅਭਿਆਸ ਪੁਸਤਕਾਂ ਵੀ ਦਿੱਤੀਆਂ ਜਾਂਦੀਆਂ ਹਨ। ਪਰ ਦੇਖਣ ਵਿੱਚ ਆਇਆ ਹੈ ਕਿ ਬਹੁਤ ਸਾਰੇ ਅਧਿਆਪਕ ਇਹਨਾਂ ਅਭਿਆਸ ਪੁਸਤਕਾਂ ਤੇ ਬੱਚਿਆਂ ਨੂੰ ਹਰ ਰੋਜ਼ ਕੰਮ ਨਹੀਂ ਕਰਵਾਉਂਦੇ ਜਦ ਕਿ ਅਭਿਆਸ ਪੁਸਤਕਾਂ ਦਾ ਮਨੋਰਥ ਬੱਚੇ ਨੂੰ ਰੋਜ਼ਾਨਾ ਕੰਮ ਕਰਵਾਉਣਾ ਅਤੇ ਉਹਨਾਂ ਨੂੰ ਅਭਿਆਸ ਰਾਹੀਂ ਲਿਖਣ ਦੀ ਆਦਤ ਪਾਉਣਾ ਹੈ। ਸੋ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਅਧਿਆਪਕ ਹਰ ਰੋਜ਼ ਬੱਚਿਆਂ ਨੂੰ ਅਭਿਆਸ ਪੁਸਤਕਾਂ ਤੇ ਕੰਮ ਕਰਵਾਉਣ ਅਤੇ ਵਿਦਿਆਰਥੀਆਂ ਦੁਆਰਾ ਕੀਤੇ ਗਏ ਕੰਮ ਨੂੰ ਚੈੱਕ ਵੀ ਕੀਤਾ ਜਾਵੇ।

3.0 ਇਸ ਗੱਲ ਦਾ ਜ਼ਰੂਰ ਧਿਆਨ ਰੱਖਿਆ ਜਾਵੇ ਕਿ ਪੜ੍ਹੋ ਪੰਜਾਬ ਪ੍ਰੋਗਰਾਮ ਦੇ ਸਮੇਂ ਦੌਰਾਨ ਕਿਸੇ ਬੱਚੇ ਨੂੰ ਅਭਿਆਸ ਪੁਸਤਕ ਤੇ ਮਹਿਲ ਅੰਦਰ ਕੰਮ ਨਾ ਕਰਵਾਇਆ ਜਾਵੇ ਇਹ ਕੰਮ ਸਕੂਲ ਦੇ ਬਾਕੀ ਬਚਦੇ ਸਮੇਂ ਵਿੱਚ ਹੀ ਕਰਵਾਉਣਾ ਹੈ। ਜਮਾਤ ਚੌਥੀ ਅਤੇ ਪੰਜਵੀਂ ਨੂੰ ਅਭਿਆਸ ਪੁਸਤਕਾਂ ਤੇ ਕੰਮ ਘਰੋਂ ਕਰਕੇ ਲਿਆਉਣ ਲਈ ਦਿੱਤਾ ਜਾਵੇ।

4.0 ਹੁਕਮਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ ਜੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੱਠਅੰਕਣ ਨੰ. ਉਕਤ 47201 ਮਿਤੀ 21.07.2010

ਉਤਾਰਾ:(1) ਸਮੂਹ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ।
(2) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਪੰਜਾਬ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**